بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅਾ 12.10.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁਅਲੈਹਿ ਵਸਲਮ ਦੇ ਮਹਾਨ ਮਰਤਬਿਆਂ ਵਾਲੇ ਬਦਰੀ ਸਹਾਬਾ ਦੇ ਸਦਗੁਣਾ ਦਾ ਇਮਾਨ ਵਧਾਊ ਤੇ ਮਨ ਭਾਉਂਦਾ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 12 ਅਕਤੂਬਰ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮਾਰਡਨ ਲੰਦਨ ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਮੈਂ ਜਿੰਨ੍ਹਾ ਸਹਾਬਾ ਦਾ ਵਰਨਣ ਕਰਨ ਲਗੱਾਂ ਹਾਂ, ਉਹਨਾਂ ਦੀਆਂ ਰਿਵਾਇਤਾਂ ਤੇ ਘਟਨਾਵਾਂ ਨੂੰ ਇਤਿਹਾਸ ਨੇ ਵਿਸਥਾਰ ਨਾਲ ਸੁਰੱਖਿਅਤ ਨਹੀਂ ਕੀਤਾ । ਉਹਨਾਂ ਦਾ ਸੰਖੇਪ ਜਿਹਾ ਪਰੀਚੇ ਹੀ ਹੈ ਜੋ ਕੁਝ ਕੁ ਪੰਕਤੀਆਂ ਵਿੱਚ ਵਰਨਣ ਹੋਇਆ ਹੈ । ਪਰ ਮੈਂ ਚਾਹੁੰਦਾ ਹਾਂ ਕਿ ਇਕ ਵਾਰ ਸਾਰਿਆਂ ਬਦਰੀ ਸਹਾਬਾ ਦਾ ਵਰਨਣ ਇਕ ਥਾਂ ਜਮਾਤੀ ਲਿਟ੍ਰੇਚਰ ਵਿੱਚ ਵੀ ਆ ਜਾਵੇ । ਇਸ ਲਈ ਸੰਖੇਪ ਪਰੀਚੇ ਵਾਲੇ ਨਾਵਾਂ ਨੂੰ ਵੀ ਲੈ ਰਿਹਾ ਹਾਂ । ਉਂਝ ਵੀ ਇਹਨਾਂ ਸਹਾਬਾ ਦਾ ਜੋ ਮੁਕਾਮ ਹੈ ਚਾਹੇ ਉਹ ਸੰਖੇਪ ਜਿਹਾ ਹੀ ਹੋਵੇ ਸਾਡੇ ਲਈ ਬਰਕਤਾਂ ਭਰਪੂਰ ਹੋਣ ਦਾ ਸਬਬ ਹੈ । ਇਹ ਉਹ ਲੋਕ ਸਨ ਜੋ ਗ਼ਰੀਬ, ਕਮਜ਼ੋਰ ਤੇ ਮਾੜੇ ਹੁੰਦਿਆਂ ਹੋਇਆਂ ਵੀ ਦੀਨ (ਧਰਮ) ਦੀ ਸੁਰੱਖਿਆ ਕਰਨ ਵਾਲਿਆਂ ਵਿੱਚ ਸਭ ਤੋਂ ਮੋਹਰੇ ਸਨ। ਦੁਸ਼ਮਣ ਦੀ ਤਾਕਤ ਤੋਂ ਡਰੇ ਨਹੀਂ ਸਗੋਂ ਉਹਨਾਂ ਦਾ ਸੰਪੂਰਨ ਭਰੋਸਾ ਰੱਬ ਦੇ ਵੁਜੂਦ ਉਪੱਰ ਸੀ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਵਫ਼ਾਦਾਰੀ ਤੇ ਪ੍ਰੇਮ ਦਾ ਪ੍ਰਣ ਕੀਤਾ ਤਾਂ ਫਿਰ ਇਸ ਦੇ ਲਈ ਆਪਣੀਆਂ ਜਾਨਾ ਕੁਰਬਾਨ ਕਰਨ ਦੀ ਵੀ ਪਰਵਾਹ ਨਹੀਂ ਕੀਤੀ । ਉਹਨਾਂ ਦੇ ਇਸ ਵਫ਼ਾਦਾਰੀ ਦੇ ਪ੍ਰਣ ਨੂੰ ਨਿਭਾਉਣ ਕਰਕੇ ਹੀ ਰੱਬ ਨੇ ਵੀ ਉਹਨਾਂ ਨੂੰ ਸਵਰਗਾਂ ਦੀ ਖ਼ੁਸ਼ਖ਼ਬਰੀ ਦਿੱਤੀ ਅਤੇ ਉਹਨਾਂ ਨਾਲ ਆਪਣੀ ਰਜ਼ਾ ਦਾ ਐਲਾਨ ਕੀਤਾ ।

ਹਜ਼ਰਤ ਅਬਦੁਰ ਰੱਬੀ ਬਿਨ ਹੱਕ ਬਿਨ ਔਸ ਇਕ ਸਹਾਬੀ ਸਨ । ਇਹਨਾ ਦਾ ਸੰਬੰਧ ਬਨੂ ਖ਼ਜ਼ਰਜ ਦੇ ਖ਼ਾਨਦਾਨ ਬਨੂ ਸਾਅਦ ਨਾਲ ਸੀ ਅਤੇ ਆਪ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਸਨ । ਫ਼ਿਰ ਹਜ਼ਰਤ ਸਲਮਾ ਬਿਨ ਸਾਬਤ ਬਿਨ ਵਖ਼ਸ਼ ਅਤੇ ਚਾਚਾ ਹਜ਼ਰਤ ਈਫ਼ਾ ਬਿਨ ਵਖ਼ਸ਼ ਅਤੇ ਉਹਨਾ ਦੇ ਭਾਈ ਹਜ਼ਰਤ ਉਮਰੋ ਬਿਨ ਸਾਬਤ ਵੀ ਉਹਦ ਦੀ ਜੰਗ ਵਿੱਚ ਸ਼ਹੀਦ ਹੋਏ ਸਨ ।

ਫਿਰ ਹਜ਼ਰਤ ਸਨਾਨ ਬਿਨ ਸੈਫ਼ੀ ਹਨ ਇਹਨਾਂ ਦਾ ਸੰਬੰਧ ਖ਼ਜ਼ਰਜ ਦੀ ਸ਼ਾਖ਼ਾ ਬਨੂ ਸਲਮਾ ਨਾਲ ਸੀ । 12 ਨਬਵੀ ਵਿੱਚ ਮਸਾਅਬ ਬਿਨ ਉਮੈਰ ਦੀ ਪ੍ਰਚਾਰਕ ਕਾਰਜਕਰਨੀ ਦੇ ਸਬਬ ਇਹਨਾ ਨੇ ਇਸਲਾਮ ਕੁਬੂਲ ਕੀਤਾ । ਇਹ ਬੈਅਤ ਉਕਬਾ ਸਾਨੀਆ ਦੇ ਮੌਕੇ'ਤੇ ਸਤੱਰ ਅੰਸਾਰ ਵਿੱਚ ਸ਼ਾਮਲ ਸਨ । ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ,

ਖ਼ੰਦਕ ਦੀ ਜੰਗ ਵਿੱਚ ਵੀ ਸ਼ਾਮਲ ਸਨ ਅਤੇ ਇਸ ਵਿੱਚ ਆਪ ਨੂੰ ਸ਼ਹੀਦੀ ਪ੍ਰਾਪਤ ਹੋਈ । ਫਿਰ ਹਜ਼ਰਤ ਅਬਦੁਲੱਾਹ ਬਿਨ ਅਬਦੁਲ ਮੁਨਾਫ਼ ਹਨ ਇਹਨਾਂ ਦਾ ਕਬੀਲਾ ਬਨੂ ਨੁਮਾਨ ਨਾਲ ਸੀ । ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ।

ਫ਼ਿਰ ਹਜ਼ਰਤ ਮਹਰਜ ਬਿਨ ਆਮਿਰ ਬਿਨ ਮਾਲਕ ਹਨ, ਆਪ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ, ਜਿਸ ਦਿਨ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਉਹਦ ਦੀ ਜੰਗ ਲਈ ਨਿਕਲਣਾ ਸੀ, ਉਸ ਦਿਨ ਸਵੇਰ ਸਮੇਂ ਇਹਨਾਂ ਦੀ ਵਫ਼ਾਤ ਹੋ ਗਈ ਸੀ, ਇਹਨਾਂ ਲੋਕਾਂ ਦੀ ਗਿਣਤੀ ਉਹਨਾਂ ਲੋਕਾਂ ਵਿੱਚ ਕੀਤੀ ਗਈ ਹੈ ਜੋ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ਸਨ ਕਿਉਂਕਿ ਇਹਨਾਂ ਦੀ ਨੀਯਤ ਸ਼ਾਮਲ ਹੋਣ ਦੀ ਸੀ ।

ਹਜ਼ਰਤ ਆਇਜ਼ ਬਿਨ ਮਾਇਸ ਹਨ ਅੰਸਾਰੀ ਸਹਾਬੀ । ਹਜ਼ਰਤ ਅਬੂ ਬਕਰ ਦੇ ਖ਼ਿਲਾਫ਼ਤ ਕਾਲ ਵਿੱਚ 12 ਹਿਜਰੀ ਵਿੱਚ ਯਮਾਮਾ ਦੀ ਜੰਗ ਵਿੱਚ ਸ਼ਹੀਦ ਹੋਏ ।

ਫ਼ਿਰ ਹਜ਼ਰਤ ਅਬਦੁਲੱਾਹ ਬਿਨ ਸਲਮਾ ਬਿਨ ਮਾਲਕ ਅੰਸਾਰੀ ਹਨ, ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਉਹਦ ਦੀ ਜੰਗ ਵਿੱਚ ਸ਼ਹੀਦ ਹੋਏ । ਹਜ਼ਰਤ ਅਬਦੁਲੱਾਹ ਬਿਨ ਸਲਮਾ ਜੱਦ ਸ਼ਹੀਦ ਹੋਏ ਤਾਂ ਇਹਨਾਂ ਨੂੰ ਅਤੇ ਹਜ਼ਰਤ ਮਜਜ਼ਰ ਬਿਨ ਜ਼ਿਯਾਦ ਨੂੰ ਇਕ ਹੀ ਚਾਦਰ ਵਿੱਚ ਲਪੇਟਕੇ ਊਠ ਉਪੱਰ ਮਦੀਨੇ ਲਿਆਂਦਾ ਗਿਆ । ਹਜ਼ਰਤ ਅਬਦੁਲੱਾਹ ਬਿਨ ਸਲਮਾ ਦੀ ਮਾਤਾ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਆਈ ਅਤੇ ਅਰਜ਼ ਕੀਤੀ ਹੇ, ਰਸੂਲੁਲੱਾਹ ! ਮੇਰਾ ਪੁਤੱਰ ਬਦਰ ਦੀ ਜੰਗ ਵਿੱਚ ਸ਼ਾਮਲ ਹੋਇਆ ਸੀ ਅਤੇ ਉਹਦ ਦੀ ਜੰਗ ਵਿੱਚ ਸ਼ਹੀਦ ਹੋ ਗਿਆ ਹੈ, ਮੈਂ ਚਾਹੁੰਦੀ ਹਾਂ ਕਿ ਉਸ ਨੂੰ ਆਪਣੇ ਕੋਲ ਲੈ ਆਵਾਂ ਅਰਥਾਤ ਉਸ ਦੀ ਤਦਫ਼ੀਨ (ਦਫ਼ਨਾਉਣ ਦੀ ਪ੍ਰਕ੍ਰਿਆ) ਮਦੀਨੇ ਵਿੱਚ ਹੋ ਜਾਏ ਤਾਂ ਜੋ ਮੈਂ ਉਸ ਦੀ ਨੇੜਤਾ ਤੋਂ ਪਰੀਚਿਤ ਹੋ ਸਕਾਂ । ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਆਗਿਆ ਪ੍ਰਦਾਨ ਕੀਤੀ ।

ਫਿਰ ਇਕ ਸਹਾਬੀ ਹਨ ਹਜ਼ਰਤ ਮਸਊਦ ਬਿਨ ਖ਼ਲਦਹ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ।

ਫਿਰ ਹਜ਼ਰਤ ਮਸਊਦ ਬਿਨ ਸਾਅਦ ਅੰਸਾਰੀ ਹਨ ਮਊਨਾ ਦੀ ਘਾਟੀ ਵਿੱਚ ਸ਼ਹੀਦ ਹੋਏ ਜੱਦਕਿ ਮੁਹਮੱਦ ਬਿਨ ਅਮਾਰਾ ਅਤੇ ਅਬੂ ਨਈਮ ਅਨੁਸਾਰ ਆਪ ਖ਼ੈਬਰ ਦੀ ਜੰਗ ਵਿੱਚ ਸ਼ਹੀਦ ਹੋਏ ।

ਫਿਰ ਇਕ ਸਹਾਬੀ ਹਨ ਹਜ਼ਰਤ ਜ਼ੈਦ ਬਿਨ ਅਸਲਮ, ਅੰਸਾਰੀ ਹਨ । ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਹਜ਼ਰਤ ਅਬੂ ਬਕਰ ਦੇ ਖ਼ਿਲਾਫ਼ਤ ਦੇ ਕਾਲ ਵਿੱਚ ਤਲੈਹਾ ਬਿਨ ਖ਼ਵੀਲਦੁਲ ਅਸਦੀ ਦੇ ਵਿਰੁਧ ਲੜਦਿਆਂ ਹੋਇਆਂ ਸ਼ਹੀਦ ਹੋਏ ।

ਫਿਰ ਇਕ ਸਹਾਬੀ ਹਨ ਅਬੁਲ ਮੁੰਜ਼ਰ ਯਜ਼ੀਦ ਬਿਨ ਆਮਿਰ । ਬੈਅਤੇ ਉਕਬਾ ਅਤੇ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ।

ਫਿਰ ਹਜ਼ਰਤ ਉਮੱਰੋ ਬਿਨ ਸਾਲਬਾ ਅੰਸਾਰੀ ਸਹਾਬੀ ਹਨ। ਆਪ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ। ਹਜ਼ਰਤ ਉਮੱਰੋ ਬਿਨ ਸਾਲਬਾ ਬਿਆਨ ਕਰਦੇ ਹਨ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨਾਲ ਸਯਾਲਾ ਦੇ ਸਥਾਨ'ਤੇ ਮਿਲਿਆ ਅਤੇ ਇੱਥੇ ਹੀ ਇਸਲਾਮ ਕੁਬੂਲ ਕੀਤਾ ਅਤੇ ਆਪ ਨੇ ਮੇਰੇ ਸਿਰ ਉਪੱਰ ਹੱਥ ਫੇਰਿਆ । ਰਿਵਾਇਤ ਵਿੱਚ ਹੈ ਕਿ ਸੌ ਸਾਲ ਦੀ ਉਮਰ ਵਿੱਚ ਵੀ ਹਜ਼ਰਤ ਉਮੱਰੋ ਬਿਨ ਸਾਲਬਾ ਦੇ ਸਿਰ'ਤੇ ਜਿਸ ਥਾਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਹੱਥ ਫੇਰਿਆ ਸੀ ਉੱਥੋਂ ਵਾਲ ਸੁਫ਼ੈਦ ਨਹੀਂ ਹੋਏ ਸਨ ।

ਹਜ਼ਰਤ ਅਬੂ ਖ਼ਾਲਦ ਹਾਰਸ ਬਿਨ ਕੈਸ ਬਿਨ ਖ਼ਾਲਦ ਬਿਨ ਮੁਖ਼ਲਦ ਇਕ ਅੰਸਾਰੀ ਸਹਾਬੀ ਸਨ । ਆਪ ਬੈਅਤੇ ਉਕਬਾ ਅਤੇ ਬਦਰ ਦੀ ਜੰਗ ਸਣੇ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ

ਸ਼ਾਮਲ ਹੋਏ । ਹਜ਼ਰਤ ਖ਼ਾਲਦ ਬਿਨ ਵਲੀਦ ਨਾਲ ਯਮਾਮਾ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਜ਼ਖ਼ਮੀ ਹੋ ਗਏ । ਜ਼ਖ਼ਮ ਠੀਕ ਹੋ ਗਿਆ ਪਰੰਤੂ ਹਜ਼ਰਤ ਉਮਰ ਦੀ ਖ਼ਿਲਾਫ਼ਤ ਦੇ ਕਾਲ ਵਿੱਚ ਮੁੜ੍ਹ ਫੁੱਟ ਪਿਆ ਜਿਸ ਨਾਲ ਆਪ ਦੀ ਵਫ਼ਾਤ ਹੋ ਗਈ ਇਸ ਲਈ ਆਪ ਨੂੰ ਯਮਾਮਾ ਦੀ ਜੰਗ ਦੇ ਸ਼ਹੀਦਾ ਵਿੱਚ ਸ਼ਾਮਲ ਕੀਤਾ ਜਾਂਦਾ ਹੈ ।

ਇਕ ਸਹਾਬੀ ਹਨ ਹਜ਼ਰਤ ਅਬਦੁਲੱਾਹ ਬਿਨ ਸਾਲਬਾ ਅਲਬਲਵੀ ਇਹ ਵੀ ਅੰਸਾਰੀ ਹਨ, ਆਪ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ।

ਫਿਰ ਹਜ਼ਰਤ ਮਹਾਬ ਬਿਨ ਸਾਲਬਾ ਅੰਸਾਰੀ ਹਨ । ਹਜ਼ਰਤ ਮਹਾਬ ਬਿਨ ਸਾਲਬਾ ਬੈਅਤੇ ਉਕਬਾ ਵਿੱਚ ਸ਼ਾਮਲ ਸਨ ਅਤੇ ਆਪਣੇ ਭਾਈ ਹਜ਼ਰਤ ਅਬਦੁਲੱਾਹ ਬਿਨ ਸਾਲਬਾ ਦੇ ਨਾਲ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ।

ਫਿਰ ਹਜ਼ਰਤ ਮਾਲਕ ਬਿਨ ਮਸਉਦ ਅੰਸਾਰੀ ਹਨ । ਆਪ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਫਿਰ ਅਬਦੁਲੱਾਹ ਬਿਨ ਕੈਸ ਬਿਨ ਸਖ਼ਰ ਅੰਸਾਰੀ ਹਨ, ਇਹਨਾ ਦਾ ਸੰਬੰਧ ਅੰਸਾਰ ਦੇ ਕਬੀਲੇ ਬਨੂ ਸਲਮਾ ਨਾਲ ਸੀ। ਆਪ ਆਪਣੇ ਭਾਈ ਮਾਬਦ ਬਿਨ ਕੈਸ ਨੇ ਨਾਲ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ਸਨ ।

ਫਿਰ ਹਜ਼ਰਤ ਅਬਦੁਲੱਾਹ ਬਿਨ ਅਬਸ ਅੰਸਾਰੀ ਹਨ ਇਸ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਨਾਲ ਬਦਰ ਦੀ ਜੰਗ ਅਤੇ ਇਸ ਦੇ ਬਾਦ ਹੋਣ ਵਾਲੀਆਂ ਸਾਰੀਆਂ ਜੰਗਾ ਵਿੱਚ ਸ਼ਾਮਲ ਹੋਏ ।

ਹਜ਼ਰਤ ਮਾਤਬ ਬਿਨ ਕਸ਼ੀਰ ਅੰਸਾਰੀ ਹਨ, ਬੈਅਤੇ ਉਕਬਾ ਵਿੱਚ ਸ਼ਾਮਲ ਸਨ । ਆਪ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਸਨ ।

ਫਿਰ ਹਜ਼ਰਤ ਸੌਦਾ ਬਿਨ ਰਜ਼ਨ ਅੰਸਾਰੀ ਇਕ ਸਹਾਬੀ ਹਨ, ਇਹ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ।

ਫਿਰ ਹਜ਼ਰਤ ਮਾਤੀ ਬਿਨ ਔਫ਼ ਸਹਾਬੀ ਸਨ, ਦੂਜੀ ਹਿਜਰਤ ਹਬਸ਼ਾ ਵਿੱਚ ਸ਼ਾਮਲ ਸਨ । ਹਜ਼ਰਤ ਮਾਤੀ ਬਿਨ ਔਫ਼ ਬਦਰ, ਉਹਦ ਤੇ ਖ਼ੰਦਕ ਸਣੇ ਸਾਰੀਆਂ ਜੰਗਾ ਵਿੱਚ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ। ਆਪ ਦੀ ਵਫ਼ਾਤ 57 ਹਿਜਰੀ ਵਿੱਚ 78 ਸਾਲ ਦੀ ਉਮਰ ਵਿੱਚ ਹੋਈ ।

ਫਿਰ ਹਜ਼ਰਤ ਬਜੀਰ ਬਿਨ ਅਬੀ ਬਜੀਰ ਹਨ । ਬਦਰ ਦੇ ਉਹਦ ਦੀ ਜੰਗ ਵਿੱਚ ਸ਼ਾਮਲ ਸਨ ।

ਫਿਰ ਹਜ਼ਰਤ ਆਮਰ ਬਿਨ ਬਕੀਰ ਸਨ । ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਆਪ ਦੇ ਨਾਲ ਆਪਦੇ ਭਾਈ ਹਜ਼ਰਤ ਅਯਾਸ ਬਿਨ ਬਕੀਰ, ਹਜ਼ਰਤ ਆਕਲ ਬਿਨ ਬਕੀਰ ਅਤੇ ਹਜ਼ਰਤ ਖ਼ਾਲਿਦ ਬਿਨ ਬਕੀਰ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਇਹ ਸਾਰੇ ਬਾਦ ਵਿੱਚ ਹੋਣ ਵਾਲੀਆਂ ਜੰਗਾ ਵਿੱਚ ਵੀ ਸ਼ਾਮਲ ਹੋਏ । ਇਹਨਾ ਸਾਰਿਆਂ ਭਰਾਵਾਂ ਨੇ ਦਾਰੇ ਅਰਕਮ ਵਿੱਚ ਇਸਲਾਮ ਕੁਬੂਲ ਕੀਤਾ ਸੀ । ਹਜ਼ਰਤ ਆਮਿਰ ਬਿਨ ਬਕੀਰ ਯਮਾਮਾ ਦੀ ਜੰਗ ਵਾਲੇ ਦਿਨ ਸ਼ਹੀਦ ਹੋਏ ।

ਫਿਰ ਹਜ਼ਰਤ ਉਮੱਰੋ ਬਿਨ ਸੁਰਾਕਾ ਬਿਨ ਅਲਮੁਅਤਮਿਰ ਹਨ, ਬਦਰ, ਉਹਦ ਤੇ ਖ਼ੰਦਕ ਸਣੇ ਸਾਰੀਆਂ ਜੰਗਾ ਵਿੱਚ ਸ਼ਾਮਲ ਹੋਏ । ਹਜ਼ਰਤ ਆਮਿਰ ਬਿਨ ਰਬੀਆ ਰਿਵਾਇਤ ਕਰਦੇ ਹਨ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਸਾਨੂੰ ਸਰਯਾ ਨਖ਼ਲਾ'ਤੇ ਭੇਜਿਆ ਅਤੇ ਸਾਡੇ ਨਾਲ ਹਜ਼ਰਤ ਉਮੱਰੋ ਬਿਨ ਸੁਰਾਕਾ ਵੀ ਸਨ, ਆਪ ਦਾ ਸ਼ਰੀਰ ਦੁਬਲਾ ਪਤਲਾ ਤੇ ਲੰਮਾ ਸੀ । ਜਾਤਰਾ ਸਮੇਂ ਹਜ਼ਰਤ ਉਮਰ ਬਿਨ ਸੁਰਾਕਾ ਢਿੱਡ ਫੜਕੇ ਬਹਿ ਗਏ । ਭੁੱਖੇ ਹੋਣ ਕਰਕੇ ਚਲ ਨਹੀਂ ਸਕਦੇ ਸਨ । ਕਹਿੰਦੇ ਹਨ ਅਸੀਂ ਇਕ ਪਥੱਰ ਲੈਕੇ ਆਪ ਦੇ ਢਿੱਡ ਉਪੱਰ ਕਸਕੇ ਬੰਨ੍ਹ ਦਿਤੱਾ । ਫਿਰ ਆਪ ਸਾਡੇ ਨਾਲ ਚਲੱਣ ਲੱਗੇ । ਫਿਰ ਅਸੀਂ ਅਰਬ ਦੇ ਇਕ ਕਬੀਲੇ ਵਿੱਚ ਪਹੁੰਚੇ ਤਾਂ ਕਬੀਲੇ ਵਾਲਿਆਂ ਨੇ ਸਾਡੀ ਬਹੁਤ ਆਓ ਭਗਤ ਕੀਤੀ । ਇਸ ਦੇ ਬਾਦ ਫਿਰ ਅੱਗੇ ਚਲ ਪਏ । ਖਾਣਾ ਖਾਣ ਦੇ ਬਾਦ ਚੱਲ ਪਏ ਤਾਂ ਹਜ਼ਰਤ ਉਮੱਰੋ ਬਿਨ ਸੁਰਾਕਾ

ਕਹਿਣ ਲੱਗੇ ਕਿ ਪਹਿਲਾਂ ਮੈਂ ਸਮਝਦਾ ਸੀ ਕਿ ਮਨੁੱਖ ਦੀਆਂ ਦੋਵੇਂ ਲਤੱਾ ਉਸ ਦੇ ਪੇਟ ਨੂੰ ਚੁਕੱਦੀਆਂ ਹਨ ਪਰ ਅੱਜ ਪਤਾ ਲਗੱਾ ਕਿ ਅਸਲ ਵਿੱਚ ਢਿੱਡ ਲਤੱਾਂ ਨੂੰ ਚੁਕੱਦਾ ਹੈ । ਆਪ ਦੀ ਵਫ਼ਾਤ ਹਜ਼ਰਤ ਉਸਮਾਨ ਦੇ ਖ਼ਿਲਾਫ਼ਤ ਕਾਲ ਵਿੱਚ ਹੋਈ।

ਫ਼ਿਰ ਹਜ਼ਰਤ ਸਾਬਤ ਬਿਨ ਹਜ਼ਾਲ ਇਕ ਸਹਾਬੀ ਹਨ । ਬਦਰ, ਉਹਦ ਤੇ ਖ਼ੰਦਕ ਸਣੇ ਸਾਰੀਆਂ ਜੰਗਾ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । 12 ਹਿਜਰੀ ਨੂੰ ਹਜ਼ਰਤ ਅਬੂਬਕਰ ਦੇ ਖ਼ਿਲਾਫ਼ਤ ਕਾਲ ਵਿੱਚ ਹੋਣ ਵਾਲੀ ਯਮਾਮਾ ਦੀ ਜੰਗ ਵਿੱਚ ਸ਼ਹੀਦ ਹੋਏ ।

ਫਿਰ ਹਜ਼ਰਤ ਸਬੀਹ ਬਿਨ ਕੈਸ ਹਨ । ਆਪ ਅੰਸਾਰੀ ਖ਼ਜ਼ਰਜੀ ਸਨ ਬਦਰ ਅਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਆਪ ਦੀ ਮਾਤਾ ਦਾ ਨਾਂ ਖ਼ੁਦੈਜਾ ਬਿੰਤ ਉਮਰੋ ਬਿਨ ਜ਼ੈਦ ਹੈ । ਹਜ਼ਰਤ ਸਬੀਹ ਦਾ ਇਕ ਪੁਤੱਰ ਸੀ ਜਿਸ ਦਾ ਨਾਂ ਅਬਦੁਲੱਾਹ ਸੀ । ਹਜ਼ਰਤ ਇਬਾਦਹ ਬਿਨ ਕੈਸ ਅਤੇ ਜ਼ੈਦ ਬਿਨ ਕੈਸ ਆਪਦੇ ਭਰਾ ਸਨ । ਆਪ ਹਜ਼ਰਤ ਅਬੂ ਦਰਦਾਅ ਦੇ ਚਾਚਾ ਸਨ ।

ਫਿਰ ਹਜ਼ਰਤ ਖ਼ਬਾਬ ਰਜ਼ੀ ਅਲੱਾਹ ਅਨਹੁ ਸਨ ਜੋ ਮੌਲਾ ਅਤਬਾ ਬਿਨ ਗ਼ਜ਼ਵਾਨ ਸਨ । ਹਜ਼ਰਤ ਅਤਬਾ ਬਿਨ ਗ਼ਜ਼ਵਾਨ ਦੇ ਅਜ਼ਾਦ ਕੀਤੇ ਗ਼ੁਲਾਮ ਸਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਮਦੀਨੇ ਦੀ ਹਿਜਰਤ ਸਮੇਂ ਆਪ ਦੇ ਭਾਈਚਾਰਕ ਸੰਬੰਧ ਹਜ਼ਰਤ ਤਮੀਮੀ ਮੌਲਾ ਖ਼ਰਾਸ਼ ਬਿਨ ਅਸਮਾ ਨਾਲ ਕਰਾਏ ਸਨ । ਹਜ਼ਰਤ ਖ਼ਬਾਬ ਬਦਰ, ਉਹਦ ਤੇ ਖ਼ੰਦਕ ਦੀ ਜੰਗਾ ਸਣੇ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸਸ਼ਾਮਲ ਹੋਏ। 19 ਹਿਜਰੀ ਵਿੱਚ ਆਪ ਦੀ ਵਫ਼ਾਤ ਮਦੀਨੇ ਵਿੱਚ ਹੋਈ ਉਸ ਸਮੇਂ ਆਪ ਦੀ ਉਮਰ ਪੰਜਾਹ ਸਾਲ ਸੀ । ਇਹਨਾ ਦਾ ਜਨਾਜ਼ਾਹ ਹਜ਼ਰਤ ਉਮਰ ਨੇ ਪੜ੍ਹਾਇਆ ।

ਫਿਰ ਹਜ਼ਰਤ ਸਫ਼ਯਾਨ ਰਜ਼ੀ ਅਲੱਾਹ ਅਨਹੁ ਬਿਨ ਨਸਰ ਅੰਸਾਰੀ ਸਹਾਬੀ ਸਨ । ਆਪ ਦਾ ਸੰਬੰਧ ਕਬੀਲਾ ਖ਼ਜ਼ਰਜ ਦੇ ਘਰਾਣੇ ਬਨੂ ਜੋਸ਼ਮ ਨਾਲ ਸੀ । ਬਦਰ ਤੇ ਖ਼ੰਦਕ ਦੀ ਜੰਗ ਵਿੱਚ ਸ਼ਾਮਲ ਹੋਏ । ਇਸ ਰਿਵਾਇਤ ਅਨੁਸਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਸਫ਼ਯਾਨ ਦੀ ਹਜ਼ਰਤ ਤੁਫ਼ੈਲ ਬਿਨ ਹਾਰਸ ਨਾਲ ਭਾਈਬੰਧੀ ਕਰਾਈ ਹੈ ।

ਫਿਰ ਇਕ ਸਹਾਬੀ ਹਨ ਅਬੂ ਮਗ਼ਸ਼ਿਤੱਾਈ ਇਹ ਆਪਣੀ ਪਛਾਣ ਅਬੂ ਮੁਗ਼ਸ਼ੀ ਨਾਲ ਹੀ ਪ੍ਰਸਿੱਧ ਸਨ ਇਹਨਾਂ ਦਾ ਨਾਂ ਸੁਈਦ ਬਿਨ ਮੁਗ਼ਸ਼ੀ ਹੈ, ਅਬੂ ਮੁਗ਼ਸ਼ਿਤੱਾਈ ਬਨੂ ਅਸਦ ਦੇ ਹਲੀਫ਼ ਸਨ । ਪਹਿਲੇ ਮੁਹਾਜਰਾਂ ਵਿੱਚੋਂ ਸਨ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ।

ਫਿਰ ਹਜ਼ਰਤ ਵਹਬ ਬਿਨ ਅਬੀ ਸਤਰਾਹ ਹਨ । ਮੂਸਾ ਬਿਨ ਅਕਬਾ ਕਹਿੰਦੇ ਹਨ ਕਿ ਆਪ ਆਪਣੇ ਭਾਈ ਉਮਰੋ ਨਾਲ ਬਦਰ ਦੀ ਜੰਗ ਵਿੱਚ ਸ਼ਾਮ ਹੋਏ ਸਨ ।

ਫਿਰ ਹਜ਼ਰਤ ਤਮੀਮ ਮੌਲਾ ਬਨੂ ਗ਼ਨੀਮ ਅੰਸਾਰੀ ਸਨ ਆਪ ਬਨੂ ਗ਼ਨਮੁਸੱਲਮ ਦੇ ਅਜ਼ਾਦ ਕੀਤੇ ਗ਼ੁਲਾਮ ਸਨ ਆਪ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ।

ਫਿਰ ਹਜ਼ਰਤ ਅਬੁਲਹਮਰਾਅ ਮੌਲਾ ਹਜ਼ਰਤ ਹਾਰਸ ਬਿਨ ਅਫ਼ਰਾਅ ਹਨ । ਆਪ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਬਦਰ ਦੀ ਜੰਗ ਵਿੱਚ ਹਜ਼ਰਤ ਮਆਜ਼ ਹਜ਼ਰਤ ਔਫ਼ ਅਤੇ ਹਜ਼ਰਤ ਮਊਜ਼ ਅਤੇ ਉਹਨਾਂ ਦੇ ਅਜ਼ਾਦ ਕੀਤੇ ਗ਼ੁਲਾਮ ਅਬੂਲ ਹਮਰਾਅ ਕੋਲ ਇਕ ਊਠ ਸੀ, ਜਿਸ'ਤੇ ਉਹ ਵਾਰੀ ਵਾਰੀ ਸਵਾਰ ਹੁੰਦੇ ਸਨ।

ਫਿਰ ਹਜ਼ਰਤ ਅਬੂ ਸਬਰਾਹ ਬਿਨ ਅਬੀ ਰੁਹਮ ਸਨ । ਇਹਨਾ ਦੀ ਮਾਤਾ ਬਰਾਅ ਬਿੰਤ ਅਬਦੁਲ ਮੁਤਲਿਬ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਭੂਆ ਸਨ । ਹਜ਼ਰਤ ਅਬੂ ਸਬਰਾਹ ਨੇ ਹਬਸ਼ਾ ਵੱਲ ਦੋਵੇਂ ਹਿਜਰਤਾਂ ਕੀਤੀਆਂ । ਮਦੀਨੇ ਹਿਜਰਤ ਦੇ ਬਾਦ ਆਪਨੇ ਮੁਨਜ਼ਰ ਬਿਨ ਮੁਹਮੱਦ ਕੋਲ ਠਹਿਰੇ । ਰਸੂਲੁਲੱਾਹ ਸਲਲੱਾਹੁ ਅਲੈਹਿ

ਵਸਲਮ ਨੇ ਆਪਦੇ ਅਤੇ ਅਸਲਮਾ ਬਿਨ ਸਲਾਮਾ ਵਿਚਕਾਰ ਭਾਈਬੰਦੀ ਕਰਾਈ । ਬਦਰ, ਉਹਦ ਤੇ ਖ਼ੰਦਕ ਦੀ ਜੰਗ ਸਣੇ ਸਾਰੀਆਂ ਜੰਗਾ ਵਿੱਚ ਆਪ ਰਸੂਲੇ ਰਕੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਰਹੇ । ਆਪ ਨੇ ਹਜ਼ਰਤ ਉਸਮਾਨ ਦੇ ਜ਼ਮਾਨੇ ਵਿੱਚ ਵਫ਼ਾਤ ਪਾਈ ।

ਫਿਰ ਹਜ਼ਰਤ ਸਾਬਤ ਬਿਨ ਉਮਰੋ ਬਿਨ ਜ਼ੈਦ ਹਨ । ਇਬਨੇ ਇਸਹਾਕ ਅਤੇ ਜ਼ਹਰੀ ਨੇ ਆਪਦਾ ਨਸਬਨਾਮਾ ਬਨੂ ਨਜਾਰ ਤੋਂ ਵਰਨਣ ਕੀਤਾ ਹੈ । ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਉਹਦ ਦੀ ਜੰਗ ਵਿੱਚ ਸ਼ਹੀਦੀ ਪ੍ਰਾਪਤ ਕੀਤੀ ।

ਫਿਰ ਹਜ਼ਰਤ ਅਬੁਲਔਰ ਬਿਨ ਹਾਰਸ ਹਨ । ਆਪ ਦੀ ਮਾਤਾ ਉੱਮੇ ਨਿਯਾਰ ਬਿੰਤ ਅਯਾਸ ਬਿਨ ਆਮਿਰ ਸਨ । ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ।

ਫਿਰ ਹਜ਼ਰਤ ਅਬਸ ਬਿਨ ਆਮਿਰ ਬਿਨ ਅਦੀ ਹਨ । ਇਹਨਾ ਦੀ ਮਾਤਾ ਦਾ ਨਾਂ ਉਮੁੱਲ ਬਨੀਨ ਬਿੰਤ ਜ਼ਹੀਰ ਬਿਨ ਸਾਲਬਾ ਸੀ । ਆਪ ਸਤੱਰ ਅੰਸਾਰ ਸਹਾਬਾ ਵਿੱਚ ਸ਼ਾਮਲ ਸਨ ਜੋ ਬੈਅਤੇ ਉਕਬਾ ਵਿੱਚ ਹਾਜ਼ਰ ਸਨ ਅਤੇ ਆਪ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ।

ਫਿਰ ਹਜ਼ਰਤ ਅਯਾਸ ਬਿਨ ਬਕੀਰ ਹਨ । ਆਪ ਕਬੀਲਾ ਬਨੂ ਸਾਦ ਬਿਨ ਲੈਸ ਵਿੱਚੋਂ ਸਨ ਜੋ ਬਨੂ ਅਦੀ ਦੇ ਸੰਗੀ ਸਨ । ਹਜ਼ਰਤ ਆਕਲ ਹਜ਼ਰਤ ਆਮਿਰ ਹਜ਼ਰਤ ਅਯਾਸ ਅਤੇ ਹਜ਼ਰਤ ਖ਼ਾਲਿਦ ਨੇ ਇਕੱਠਿਆਂ ਦਾਰੇ ਅਰਕਮ ਵਿੱਚ ਇਸਲਾਮ ਕ਼ਬੂਲ ਕੀਤਾ ਸੀ । ਮਦੀਨੇ ਹਿਜਰਤ ਦੇ ਬਾਦ ਆਪਨੇ ਰਫ਼ਾਅ ਬਿਨ ਅਬਦੁਲ ਮੁਨਜ਼ਰ ਦੇ ਘਰ ਪੜਾਅ ਕੀਤਾ । ਇਹਨਾ ਦੀ ਮਾਤਾ ਵੱਲੋਂ ਤਿੰਨ ਭਰਾ ਹੋਰ ਵੀ ਸਨ । ਇਹ ਸਾਰੇ ਦੇ ਸਾਰੇ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ । ਇਬਨੇ ਯੂਨੁਸ ਨੇ ਕਿਹਾ ਹੈ ਕਿ ਅਯਾਸ ਫ਼ਤਹ ਮਿਸਰ ਵਿੱਚ ਵੀ ਸ਼ਾਮਲ ਸਨ ਅਤੇ 34 ਹਿਜਰੀ ਵਿੱਚ ਵਫ਼ਾਤ ਪਾਈ, ਜੱਦਕਿ ਇਕ ਹੋਰ ਰਿਵਾਇਤ ਅਨੁਸਾਰ ਹਜ਼ਰਤ ਅਯਾਸ ਨੇ ਯਮਾਮਾ ਦੀ ਜੰਗ ਵਿੱਚ ਸ਼ਹੀਦੀ ਪ੍ਰਾਪਤ ਕੀਤੀ ।

ਫਿਰ ਇਕ ਸਹਾਬੀ ਹਜ਼ਰਤ ਮਾਲਕ ਬਿਨ ਨਮੀਲਾ ਹਨ । ਇਹਨਾ ਦੀ ਮਾਤਾ ਦਾ ਨਾਂ ਨਮੀਲਾ ਸੀ । ਇਹਨਾਂ ਦਾ ਸੰਬੰਧ ਕਬੀਲਾ ਮਜ਼ੀਨਾ ਨਾਲ ਸੀ ਜੋ ਕਬੀਲਾ ਔਸ ਦੀ ਸ਼ਾਖ਼ਾ ਬਨੀ ਮੁਆਵੀਆਹ ਦੇ ਸੰਗੀ ਸਨ । ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਉਹਦ ਦੀ ਜੰਗ ਵਿੱਚ ਸ਼ਹੀਦੀ ਪ੍ਰਾਪਤ ਕੀਤੀ ।

ਫਿਰ ਹਜ਼ਰਤ ਅਨੀਸ ਬਿਨ ਰਬੀਆ ਹਨ ਇਹਨਾ ਦਾ ਸੰਬੰਧ ਅੰਸਾਰ ਦੇ ਕਬੀਲੇ ਔਸ ਨਾਲ ਸੀ । ਬਦਰ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨਾਲ ਸ਼ਾਮਲ ਸਨ । ਉਹਦ ਦੀ ਜੰਗ ਵਿੱਚ ਸ਼ਹੀਦ ਹੋਏ । ਹਜ਼ਰਤ ਖ਼ਨਸਾਅ ਬਿਨ ਖ਼ਜ਼ਾਮ ਹਜ਼ਰਤ ਅਨੀਸ ਬਿਨ ਕਤਾਦਹ ਦੇ ਨਿਕਾਹ ਵਿੱਚ ਸਨ । ਜੱਦ ਉਹ ਸ਼ਹੀਦ ਹੋਏ ਤਾਂ ਹਜ਼ਰਤ ਖ਼ਨਸਾ ਦੇ ਪਿਤਾ ਨੇ ਉਹਨਾ ਦਾ ਨਿਕਾਹ ਕਬੀਲਾ ਮਜ਼ੀਨਾ ਦੇ ਇਕ ਵਿਅਕਤੀ ਨਾਲ ਕਰ ਦਿਤੱਾ, ਪਰ ਇਹ ਉਸਨੂੰ ਨਾ ਪਸੰਦ ਕਰਦੀ ਸਨ । ਫਿਰ ਇਹ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਕੋਲ ਆਈ । ਆਪ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਖ਼ਨਸਾ ਦਾ ਨਿਕਾਹ ਖ਼ਤਮ ਕਰਾ ਦਿਤੱਾ । ਇਸਦੇ ਬਾਦ ਹਜ਼ਰਤ ਖ਼ਨਸਾ ਨੇ ਹਜ਼ਰਤ ਅਬੁਲਬਾਬਾ ਨਾਲ ਵਿਆਹ ਕਰ ਲਿਆ । ਇਹ ਉਧਾਰਣ ਰਿਸ਼ਤਿਆਂ ਦੇ ਮਾਮਲਿਆਂ ਵਿੱਚ ਇਸਤਰੀ ਦੀ ਅਜ਼ਾਦੀ ਦੀ ਹੈ । ਉਹ ਲੋਕ ਜੋ ਜ਼ਬਰਦਸਤੀ ਕਰਦੇ ਹਨ ਆਪਣੀਆਂ ਲੜਕੀਆਂ ਨਾਲ ਉਹਨਾਂ ਨੂੰ ਸੋਚਣਾ ਚਾਹੀਦਾ ਹੈ ।

ਫਿਰ ਹਜ਼ਰਤ ਰਾਫ਼ਿ ਬਿਨ ਅੰਜਦਹ ਅੰਸਾਰੀ ਸਨ । ਆਪ ਦੇ ਪਿਤਾ ਦਾ ਨਾਂ ਅਬਦੁਲ ਹਾਰਸ ਸੀ । ਅੰਜਦਹ ਆਪ ਦੀ ਮਾਤਾ ਦਾ ਨਾਂ ਸੀ । ਬਦਰ, ਉਹਦ ਤੇ ਖ਼ੰਦਕ ਦੀ ਜੰਗ ਵਿੱਚ ਸ਼ਾਮਲ ਹੋਏ । ਹਜ਼ਰਤ ਮਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਰਾਫ਼ਿ ਬਿਨ ਅੰਜਦਹ ਅਤੇ ਹਜ਼ਰਤ ਹੁਸੈਨ ਬਿਨ ਹਾਰਸ ਵਿੱਚਕਾਰ ਭਾਈਬੰਦੀ ਕਰਾਈ ।

ਫਿਰ ਹਜ਼ਰਤ ਖ਼ਲੀਦਹ ਬਿਨ ਕੈਸ ਸਨ । ਇਹਨਾਂ ਦੀ ਮਾਤਾ ਦਾ ਨਾਂ ਆਦਾਮ ਬਿਨਲਕੈਨ ਸੀ ਜੋ ਬਨੂ ਸਲਮਾ ਵਿੱਚੋਂ ਸਨ । ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਸਨ । ਇਹਨਾ ਦੇ ਭਾਈ ਦਾ ਨਾਂ ਖ਼ਲਾਦ ਸੀ ਕਈ ਇਤਿਹਾਸਕਾਂ ਅਨੁਸਾਰ ਇਹ ਵੀ ਬਦਰੀ ਸਹਾਬਾ ਵਿੱਚ ਸ਼ਾਮਲ ਸਨ ।

ਫਿਰ ਹਜ਼ਰਤ ਸਕਫ਼ ਬਿਨ ਉਮਰੋ ਹਨ । ਆਪ ਬਨੂ ਅਸਦ ਦੇ ਸੰਗੀ ਸਨ ਇਹ ਆਪਣੇ ਦੋ ਭਰਾਵਾਂ ਨਾਲ ਬਦਰ ਵਿੱਚ ਸ਼ਾਮਲ ਹੋਏ ਜਿੰਨ੍ਹਾ ਦੇ ਨਾਂ ਹਜ਼ਰਤ ਮਾਲਕ ਬਿਨ ਉਮਰੋ ਅਤੇ ਬਤਲਾਜ ਬਿਨ ਉਮਰੋ ਹਨ । ਆਪ ਪਹਿਲੇ ਮੁਹਾਜਰਾਂ ਵਿੱਚੋਂ ਸਨ । ਬਦਰ, ਉਹਦ, ਖ਼ੰਦਕ, ਹੁਦੈਬੀਆ ਅਤੇ ਖ਼ੈਬਰ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਖ਼ੈਬਰ ਦੀ ਜੰਗ ਵਿੱਚ ਸ਼ਹੀਦੀ ਪ੍ਰਾਪਤ ਕੀਤੀ ।

ਫਿਰ ਹਜ਼ਰਤ ਸਬਰਹ ਬਿਨ ਫ਼ਾਤਕ ਸਨ । ਇਹ ਖ਼ਰੀਮ ਬਿਨ ਫ਼ਾਤਕ ਦੇ ਭਾਈ ਸਨ ਅਤੇ ਪਰਿਵਾਰ ਬਨੂ ਅਸਦ ਵਿੱਚ ਸਨ । ਇਹਨਾਂ ਦੇ ਪਿਤਾ ਦਾ ਨਾਂ ਫ਼ਾਤਕ ਬਿਨ ਅਖ਼ਰਮ ਸੀ । ਐਮਨ ਬਿਨ ਖ਼ਰੀਮ ਬਿਆਨ ਕਰਦੇ ਹਨ ਕਿ ਮੇਰੇ ਪਿਤਾ ਅਤੇ ਚਾਚਾ ਦੋਵੇਂ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਉਹਨਾਂ ਨੇ ਮੇਰੇ ਕੋਲੋਂ ਪਕੱਾ ਪ੍ਰਣ ਲਿਆ ਸੀ ਕਿ ਮੈਂ ਕਿਸੇ ਮੁਸਲਮਾਨ ਨਾਲ ਝਗੜਾ ਨਹੀ ਕਰਾਂਗਾ । ਇਹ ਬਿਆਨ ਕਰਦੇ ਹਨ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮੀਜ਼ਾਨ (ਯੋਗਫ਼ਲ) ਰਹਮਾਨ ਰੱਬ ਦੇ ਹੱਥ ਵਿੱਚ ਹੈ ਕਈ ਕੌਮਾਂ ਨੂੰ ਬੁਲੰਦ ਕਰਦਾ ਹੈ ਅਤੇ ਕਈਆਂ ਦਾ ਪਤਨ ਕਰ ਦਿੰਦਾ ਹੈ । ਆਪ ਹਜ਼ਰਤ ਅਬੂ ਦਰਦਾਅ ਦੇ ਨੇੜਿਓਂ ਲੰਘੇ ਤਾਂ ਉਹਨਾਂ ਨੇ ਕਿਹਾ ਕਿ ਸਬਰਹ ਨਾਲ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਨੂਰ ਹੈ ।

ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ ਕਿ ਹੁਣ ਮੈਂ ਜੁਮਏ ਦੇ ਬਾਦ ਦੋ ਨਮਾਜ਼ ਜਨਾਜ਼ਾਹ ਗ਼ੈਬ ਪੜ੍ਹਾਵਾਂਗਾ । ਜਿੰਨ੍ਹਂ ਵਿੱਚੋਂ ਪਹਿਲਾ ਜਨਾਜ਼ਾ ਹੈ ਮੁਕਰੱਮ ਉਮਕੁ ਅਦਨਾਨ ਇਸਮਾਈਲ ਸਾਹਬ ਸਦਰ ਜਮਾਤ ਮਲੇਸ਼ੀਆ ਦਾ । 8 ਅਕਤੂਬਰ ਨੂੰ 74 ਸਾਲ ਦੀ ਉਮਰ ਵਿੱਚ ਇਹਨਾ ਦੀ ਵਫ਼ਾਤ ਹੋਈ । (اناللہوانا الیہ راجعون۔) ਦੂਜਾ ਨਮਾਜ਼ ਜਨਾਜ਼ਾ ਹਮੀਦਾ ਬੇਗਮ ਸਾਹਿਬਾ ਦਾ ਹੈ ਜੋ ਚੋਧਰੀ ਖ਼ਲੀਲ ਅਹਮਦ ਸਾਹਬ ਰਬਵਾਹ ਦੀ ਸੁਪਤਨੀ ਸਨ । 5 ਅਕਤੂਬਰ ਨੂੰ 84 ਸਾਲ ਦੀ ਉਮਰ ਵਿੱਚ ਇਹਨਾ ਦੀ ਵਫ਼ਾਤ ਹੋਈ । اناللہوانا الیہ راجعون۔

**Khulasa Khutba Jumma 12.10.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131